HM Government

Help for Households

# ਉਹ ਮਦਦ **ਪ੍ਰਾਪਤ ਕਰੋ** ਜੋ ਤੁਹਾਡੇ ਪਰਿਵਾਰ **ਦੇ ਅਨੁਕੂਲ ਹੋਵੇ**

ਬਾਲ-ਸੰਭਾਲ (ਚਾਈਲਡ ਕੇਅਰ) ਦੇ ਖਰਚਿਆਂ ਨਾਲ **ਸਰਕਾਰੀ ਸਹਾਇਤਾ** (ਗਵਰਮੈਂਟ ਸਪੋਟ) ਤੁਹਾਡੇ **ਕੰਮ ਅਤੇ ਜ਼ਿੰਦਗੀ ਨੂੰ ਇਕੱਠਿਆਂ ਸੰਭਾਲਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।**



Childcare Choices

## **ਕੰਮ ਕਰਨ ਵਾਲੇ ਮਾਪਿਆਂ** ਲਈ ਹੋਰ ਵੀ ਵਧੇਰੇ ਬਾਲ ਸੰਭਾਲ ਸਹਾਇਤਾ

3 ਅਤੇ 4 ਸਾਲ ਦੇ ਬੱਚਿਆਂ ਲਈ ਮੌਜੂਦਾ ਪੇਸ਼ਕਸ਼ਾਂ ਦੇ ਨਾਲ, ਸਰਕਾਰ ਬਾਲ ਸੰਭਾਲ ਸਹਾਇਤਾ (ਚਾਈਲਡ ਕੇਅਰ ਸਪੋਟ) ਵਿੱਚ ਵਾਧਾ ਕਰ ਰਹੀ ਹੈ, ਇਸ ਲਈ ਇਹ ਹੋਰ ਵੀ ਕੰਮ ਕਰਨ ਵਾਲੇ ਮਾਪਿਆਂ ਲਈ ਕਿਫਾਇਤੀ ਅਤੇ ਪਹੁੰਚਯੋਗ ਹੈ।

| ਅਪ੍ਰੈਲ 2024 | ਸਤੰਬਰ 2024 | ਸਤੰਬਰ 2025 |
|---|---|---|
| ਇੰਗਲੈਂਡ ਵਿੱਚ ਯੋਗ ਕੰਮਕਾਜੀ ਪਰਿਵਾਰਾਂ ਲਈ।<br><br>ਹਰੇਕ ਮਾਪੇ ਘੱਟੋ ਘੱਟ 16 ਦੇ ਬਰਾਬਰ ਕਮਾਉਂਦੇ ਹਨ ਰਾਸ਼ਟਰੀ ਘੱਟੋ-ਘੱਟ ਤਨਖਾਹ 'ਤੇ ਘੰਟੇ /ਹਫਤੇ ਪਰ ਐਡਜਸਟਡ ਸ਼ੁੱਧ ਆਮਦਨ / ਸਾਲ 100,000 ਤੋਂ ਘੱਟ ਹੋਵੇ। | | |
| **2 ਸਾਲ ਦੇ ਬੱਚਿਆਂ ਲਈ ਪ੍ਰਤੀ ਸਾਲ 38 ਹਫਤਿਆਂ ਲਈ 15 hours (570 ਘੰਟਿਆਂ ਤੱਕ)15 hours Childcare** | 9 ਤੋਂ 23 ਮਹੀਨਿਆਂ ਦੀ ਉਮਰ ਦੇ ਬੱਚਿਆਂ **ਲਈ ਪ੍ਰਤੀ ਸਾਲ 38 ਹਫਤਿਆਂ (570 ਘੰਟਿਆਂ ਤੱਕ) ਲਈ 15 hours Childcare** | 9 ਮਹੀਨਿਆਂ ਤੋਂ ਲੈ ਕੇ ਸਕੂਲ ਦੀ ਉਮਰ ਤੱਕ ਦੇ ਬੱਚਿਆਂ ਲਈ ਪ੍ਰਤੀ ਸਾਲ 38 ਹਫਤਿਆਂ (1,140 ਘੰਟਿਆਂ ਤੱਕ)**ਲਈ 30 hours Childcare** |

## ਸਕੂਲ ਤੋਂ ਪਹਿਲਾਂ ਅਤੇ ਬਾਅਦ ਵਾਲੀ ਚਾਈਲਡ ਕੇਅਰ ਬਾਰੇ ਕੀ ਹੈ?

ਜੇ ਤੁਸੀਂ Tax-Free Childcare ਜਾਂ Universal Credit Childcare ਵਾਸਤੇ ਯੋਗ ਹੋ, ਤਾਂ ਤੁਸੀਂ ਇਸ ਸਹਾਇਤਾ ਦੀ ਵਰਤੋਂ ਸਕੂਲ ਤੋਂ ਪਹਿਲਾਂ ਅਤੇ ਬਾਅਦ ਵਾਲੀ Childcare ਦਾ ਭੁਗਤਾਨ ਕਰਨ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ, ਜਿਸ ਨੂੰ 'Wraparound Childcare' ਵੀ ਕਿਹਾ ਜਾਂਦਾ ਹੈ।

ਇਸ ਵਿੱਚ ਸਕੂਲ ਤੋਂ ਪਹਿਲਾਂ ਅਤੇ ਬਾਅਦ ਵਾਲੀ ਨਿਯਮਤ ਵਿਵਸਥਾ ਸ਼ਾਮਲ ਹਨ ਜੋ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਜਾਂ ਬਾਅਦ ਤੱਕ ਚੱਲਦੇ ਹਨ, ਜਾਂ ਤਾਂ ਸਕੂਲ ਸਾਈਟ 'ਤੇ ਜਾਂ ਕਿਸੇ ਹੋਰ ਸਥਾਨਕ ਸੈਟਿੰਗ 'ਤੇ।

ਵਧੇਰੇ ਕੰਮਕਾਜੀ ਪਰਿਵਾਰਾਂ ਦੀ ਸਹਾਇਤਾ ਕਰਨ ਲਈ, ਸਤੰਬਰ 2024 ਤੋਂ, ਇੰਗਲੈਂਡ ਵਿੱਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਮਾਪੇ Wraparound Childcare (ਰੈਪਅਰਾਊਂਡ ਚਾਈਲਡਕੇਅਰ) ਵਿੱਚ ਵਾਧੇ ਦੀ ਉਮੀਦ ਕਰ ਸਕਦੇ ਹਨ।

ਵਧੇਰੇ ਜਾਣਨ ਲਈ, ਆਪਣੇ ਬੱਚੇ ਦੇ ਸਕੂਲ ਜਾਂ ਆਪਣੇ ਸਥਾਨਕ ਅਥਾਰਟੀ ਦੀ Family Information Service (ਫੈਮਿਲੀ  ਇਨਫਾਰਮੇਸ਼ਨ ਸਰਵਿਸ) ਨਾਲ ਗੱਲ ਕਰੋ।

## ਆਪਣੀ ਬਾਲ-ਦੇਖਭਾਲ (Childcare) ਵਾਸਤੇ ਭੁਗਤਾਨ ਕਰਨ ਵਿੱਚ ਮਦਦ ਪ੍ਰਾਪਤ ਕਰੋ

ਬਾਲ-ਦੇਖਭਾਲ ਦੇ ਖਰਚੇ ਪਰਿਵਾਰਾਂ ਦੇ ਬਜਟ 'ਤੇ ਦਬਾਅ ਪਾ ਸਕਦੇ ਹਨ, ਪਰ ਹੁਣ ਉਪਲਬਧ ਮੌਜੂਦਾ ਸਰਕਾਰੀ ਸਹਾਇਤਾ ਤੁਹਾਡੀ ਮਦਦ ਕਰ ਸਕਦੀ ਹੈ:

**ਇੰਗਲੈਂਡ ਵਿੱਚ 3 ਅਤੇ 4 ਸਾਲ ਦੇ** ਬੱਚਿਆਂ ਵਾਲੇ ਸਾਰੇ ਪਰਿਵਾਰਾਂ ਲਈ **15 hours childcare** ਸਾਲ ਦੇ 38 ਹਫ਼ਤੇ।

**ਇੰਗਲੈਂਡ** ਵਿੱਚ ਯੋਗ ਕੰਮਕਾਜੀ ਮਾਪਿਆਂ ਲਈ **30 hours childcare** ਜਿਨਾਂ ਕੋਲ 3 ਅਤੇ 4 ਸਾਲ ਦੇ ਬੱਚੇ ਹਨ, 38 ਹਫ਼ਤਿਆਂ ਲਈ।

**Tax-Free Childcare:** 11 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚਿਆਂ ਵਾਲੇ ਯੋਗ ਕੰਮਕਾਜੀ ਮਾਪੇ ਆਪਣੇ ਬਾਲ-ਸੰਭਾਲ ਦੇ ਖਰਚਿਆਂ (childcare costs) ਲਈ ਹਰ ਸਾਲ ਪ੍ਰਤੀ ਬੱਚਾ £2,000 ਤੱਕ ਪ੍ਰਾਪਤ ਕਰ ਸਕਦੇ ਹਨ, ਜਾਂ 16 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਅਪੰਗਤਾ ਵਾਲੇ ਬੱਚਿਆਂ ਲਈ £4,000 ਤੱਕ।

**Universal Credit Childcare:** ਯੂਕੇ ਵਿੱਚ ਯੋਗ ਕੰਮਕਾਜੀ ਮਾਪੇ 0-16 ਸਾਲ ਦੀ ਉਮਰ ਦੇ ਬੱਚਿਆਂ ਲਈ ਆਪਣੇ ਬਾਲ ਸੰਭਾਲ (Childcare) ਖਰਚਿਆਂ ਦਾ 85% ਤੱਕ ਵਾਪਸ ਦਾਅਵਾ ਕਰ ਸਕਦੇ ਹਨ। ਇਸ ਤੋਂ ਇਲਾਵਾ, ਯੋਗ ਮਾਪੇ Universal Credit funds ਤੱਕ ਪਹਿਲਾਂ ਪਹੁੰਚ ਕਰ ਸਕਦੇ ਹਨ, ਉਨ੍ਹਾਂ ਦੀ ਮਦਦ ਕਰ ਸਕਦੇ ਹਨ ਜੋ ਨੌਕਰੀ ਸ਼ੁਰੂ ਕਰ ਰਹੇ ਹਨ ਜਾਂ ਕੰਮ ਦੇ ਘੰਟੇ ਵਧਾ ਰਹੇ ਹਨ।

## ਅਤੇ ਕੀ ਤੁਸੀਂ ਜਾਣਦੇ ਹੋ..?

- ਤੁਸੀਂ ਆਪਣੇ 15/30 ਘੰਟਿਆਂ ਦੀ ਵਰਤੋਂ ਹੋਰ ਬਾਲ ਸੰਭਾਲ ਸਕੀਮਾਂ ਜਿਵੇਂ ਕਿ Tax-Free Childcare ਜਾਂ Universal Credit Chidcare ਦੇ ਨਾਲ ਕਰ ਸਕਦੇ ਹੋ।
- ਤੁਸੀਂ ਪ੍ਰਤੀ ਦਿਨ ਦੋ ਵੱਖ-ਵੱਖ ਪ੍ਰਦਾਨਕਾਂ ਕੋਲ ਆਪਣੇ ਘੰਟਿਆਂ ਦੀ ਵਰਤੋਂ ਕਰ ਸਕਦੇ ਹੋ, ਅਤੇ ਘੰਟਿਆਂ ਨੂੰ ਵੱਖ-ਵੱਖ ਬਾਲ ਸੰਭਾਲ ਪ੍ਰਦਾਨਕਾਂ ਵਿਖੇ ਸਵੀਕਾਰ ਕੀਤਾ ਜਾ ਸਕਦਾ ਹੈ, ਜਿਸ ਵਿੱਚ ਨਰਸਰੀਆਂ, ਚਾਈਲਡਮਾਈਂਡਰ ਅਤੇ ਪ੍ਰੀਸਕੂਲ ਸ਼ਾਮਲ ਹਨ।
- ਕੁਝ ਪ੍ਰਦਾਨਕ ਤੁਹਾਨੂੰ ਵਧੇਰੇ ਹਫਤਿਆਂ ਵਿੱਚ ਘੱਟ ਘੰਟਿਆਂ ਦੀ ਵਰਤੋਂ ਕਰਕੇ, ਸਾਲ ਭਰ ਵਿੱਚ ਆਪਣੇ ਘੰਟਿਆਂ ਨੂੰ 'ਫੈਲਾਉਣ' ਦੀ ਆਗਿਆ ਦੇਣਗੇ, ਜਿਸ ਨਾਲ ਤੁਹਾਨੂੰ ਵਧੇਰੇ ਲਚਕ ਮਿਲੇਗੀ।
- ਜੇ ਤੁਹਾਡਾ ਕੋਈ ਨਵਾਂ ਬੱਚਾ ਹੈ, ਤਾਂ ਤੁਸੀਂ Child benefit (ਚਾਈਲਡ ਬੈਨੀਫ਼ਿੱਟ) ਦਾ ਆਨਲਾਈਨ ਦਾਅਵਾ ਕਰ ਸਕਦੇ ਹੋ। ਵਧੇਰੇ ਜਾਣਨ ਅਤੇ ਅਰਜ਼ੀ ਦੇਣ ਲਈ **gov.uk/child-benefit** ਤੇ ਜਾਓ।

ਤੁਸੀਂ bit.ly/h4hmap 'ਤੇ **Help for Households map (ਹੈਲਪ ਫੌਰ ਹਾਉਸਹੋਲਡ ਮੈਪ) ਦੀ ਵਰਤੋਂ ਕਰਕੇ ਆਪਣੇ ਨੇੜੇ ਮੁਫਤ ਅਤੇ ਕਿਫਾਇਤੀ ਪਰਿਵਾਰਕ ਸਮਾਗਮ ਲੱਭ ਸਕਦੇ ਹੋ।**

- ਤੁਸੀਂ ਖੋਜ ਕਰਕੇ ਵਿਆਪਕ ਵਿੱਤੀ ਸਹਾਇਤਾ ਬਾਰੇ ਹੋਰ ਜਾਣ ਸਕਦੇ ਹੋ
  **ਘਰਾਂ ਲਈ ਮਦਦ।**

  **Help for Household**

## ਅੱਗੇ ਕੀ ਕਰਨਾ ਹੈ

<table>
<tr><td colspan="3">ਇਹ ਜਾਂਚਕਰਨ ਲਈ childcarechoices.gov.uk 'ਤੇ ਜਾਓ ਕਿ ਹੁਣ ਅਤੇ ਭਵਿੱਖ ਵਿੱਚ ਤੁਸੀਂ ਕਿਹੜੀ ਮਦਦ ਲਈ ਯੋਗ ਹੋ ਸਕਦੇ ਹੋ, ਅਤੇ ਕਦੋਂ ਅਰਜ਼ੀ ਦੇਣੀ ਸਭ ਤੋਂ ਵਧੀਆ ਹੈ</td></tr>
<tr><th>15/30 hours childcare</th><th>Tax-Free Childcare</th><th>Universal Credit Childcare</th></tr>
<tr><td>1 ਅਪ੍ਰੈਲ ਤੋਂ Childcare (ਚਾਈਲਡ ਕੇਅਰ) ਸ਼ੁਰੂ ਕਰਨ ਲਈ ਤੁਹਾਡੇ ਬੱਚੇ ਲਈ 31 ਮਾਰਚ ਤੱਕ ਆਪਣਾ ਚਾਈਲਡਕੇਅਰ ਕੋਡ ਪ੍ਰਾਪਤ ਕਰਨ ਲਈ gov.uk 'ਤੇ ਦਿੱਤੇ ਕਦਮਾਂ ਦੀ ਪਾਲਣਾ ਕਰੋ; 31 ਅਗਸਤ ਤੱਕ ਜੇਕਰ 1 ਸਤੰਬਰ ਤੋਂ ਸ਼ੁਰੂ ਹੋਵੇਗਾ;31 ਦਸੰਬਰ ਤੱਕ ਜੇਕਰ 1 ਜਨਵਰੀ ਤੋਂ ਸ਼ੁਰੂ ਹੋਵੇਗਾ, ਤੁਹਾਡੇ ਬੱਚੇ ਦੇ ਅਨੁਸਾਰ ਉਮਰ ਬਦਲਣ ਤੋਂ ਬਾਅਦ।</td><td>Tax-Free Childcare ਖਾਤਾ ਬਣਾਉਣ ਲਈ gov.uk 'ਤੇ ਦਿੱਤੇ ਦੀ ਪਾਲਣਾ ਕਰੋ</td><td>ਆਪਣੀ ਯੋਗਤਾ ਦੀ ਜਾਂਚ ਕਰਨ ਲਈ Universal Credit Childcare Costs (ਯੂਨੀਵਰਸਲ ਕ੍ਰੈਡਿਟ ਚਾਈਲਡਕੇਅਰ ਕੌਸਟਸ) ਦੀ ਖੋਜ ਕਰੋ</td></tr>
<tr><td>ਜੇ ਤੁਸੀਂ ਪਹਿਲਾਂ ਕਿਸੇ ਬਾਲ ਸੰਭਾਲ ਪ੍ਰਦਾਨਕ (Childcare provider) ਦੀ ਵਰਤੋਂ ਨਹੀਂ ਕੀਤੀ ਹੈ ਜਾਂ ਇਸਨੂੰ ਬਦਲਣਾ ਚਾਹੁੰਦੇ ਹੋ, ਤਾਂ ਆਪਣੇ ਵਾਸਤੇ ਸਹੀ ਪ੍ਰਦਾਨਕ ਲੱਭੋ ਅਤੇ ਜਾਂਚ ਕਰੋ ਕਿ ਕੀ ਉਹ 15/30 ਘੰਟਿਆਂ ਦੀ ਬਾਲ ਸੰਭਾਲ ਦੀ ਪੇਸ਼ਕਸ਼ ਕਰਦੇ ਹਨ</td><td>ਜੇ ਤੁਹਾਡੇ ਕੋਲ ਇੱਕ ਤੋਂ ਵੱਧ ਯੋਗ ਬੱਚੇ ਹਨ, ਤਾਂ ਹਰੇਕ ਬੱਚੇ ਲਈ ਇੱਕ ਖਾਤਾ ਬਣਾਓ</td><td>ਆਪਣੇ ਵਿਕਲਪਾਂ ਬਾਰੇ ਆਪਣੇ Work Coach (ਵਰਕ ਕੋਚ) ਨਾਲ ਸੰਪਰਕ ਕਰੋ</td></tr>
<tr><td>ਆਪਣਾ ਕੋਡ ਆਪਣੇ ਬਾਲ ਸੰਭਾਲ ਪ੍ਰਦਾਨਕ ਨੂੰ ਦਿਓ।</td><td>ਫਿਰ ਸਰਕਾਰੀ ਟਾਪ-ਅੱਪ ਹਰੇਕ ਬੱਚੇ ਲਈ ਕੀਤੀ ਗਈ ਜਮ੍ਹਾਂ ਰਾਸ਼ੀ 'ਤੇ ਲਾਗੂ ਹੁੰਦਾ ਹੈ, ਨਾ ਕਿ ਪਰਿਵਾਰਾਂ ਲਈ</td><td>ਆਪਣੇ ਸਥਾਨਕ ਅਥਾਰਟੀ ਨਾਲ ਜਾਂਚ ਕਰੋ ਕਿ ਜੇਕਰ ਤੁਸੀਂ ਸਰਕਾਰੀ ਸਹਾਇਤਾ ਦੇ ਵਾਧੂ ਰੂਪਾਂ ਲਈ ਵੀ ਯੋਗ ਹੋ ਸਕਦੇ ਹੋ</td></tr>
<tr><td colspan="2">ਸਰਕਾਰੀ ਸਹਾਇਤਾ ਪ੍ਰਾਪਤ ਕਰਨਾ ਜਾਰੀ ਰੱਖਣ ਲਈ ਆਪਣੇ gov.uk ਖਾਤੇ 'ਤੇ ਹਰ ਤਿੰਨ ਮਹੀਨਿਆਂ ਬਾਅਦ ਆਪਣੇ ਵੇਰਵਿਆਂ ਦੀ ਪੁਸ਼ਟੀ ਕਰੋ</td><td></td></tr>
</table>

**QR** ਕੋਡ **ਨੂੰ** ਸਕੈਨ ਕਰੋ ਜਾਂ ਹੋਰ **ਜਾਨਣ ਲਈ Childcare Choices (ਚਾਈਲਡਕੇਅਰ ਚੋਇਸਿਸ) ਦੀ** ਭਾਲ ਕਰੋ